ਭਵਿੱਖ ਲਈ ਹੁਣੇ ਹੀ ਚੋਣ ਕਰਨੀ

# ਨਿੱਜੀ ਨਿਰਦੇਸ਼
# Personal Directives



ਨਿੱਜੀ ਨਿਰਦੇਸ਼ ਅਜਿਹਾ ਕਨੂੰਨੀ ਦਸਤਾਵੇਜ਼ ਹੁੰਦਾ ਹੈ ਜੋ ਤੁਸੀਂ ਤਾਂ ਲਿਖਦੇ ਹੋ ਜੇ ਤੁਸੀਂ ਭਵਿੱਖ ਵਿੱਚ ਆਪਣੇ ਨਿੱਜੀ ਫੈਸਲੇ ਆਪ ਨਹੀਂ ਕਰ ਸਕਦੇ।

Alberta
Seniors and Community Supports
ਬਜ਼ੁਰਗ ਅਤੇ ਕਮਿਊਨਿਟੀ ਵੱਲੋਂ ਸਹਾਇਤਾ ਦੇ ਪ੍ਰੋਗਰਾਮ
Office of the Public Guardian
ਪਬਲਿਕ ਗਾਰਡੀਅਨ ਦਾ ਦਫ਼ਤਰ

# ਨਿੱਜੀ ਨਿਰਦੇਸ਼ ਕੀ ਹੈ?

- ਨਿੱਜੀ ਨਿਰਦੇਸ਼ ਅਜਿਹਾ ਕਨੂੰਨੀ ਦਸਤਾਵੇਜ਼ ਹੁੰਦਾ ਹੈ ਜਿਹੜਾ ਤੁਸੀਂ ਇਸ ਗੱਲ ਨੂੰ ਮੱਦੇ ਨਜ਼ਰ ਰੱਖ ਕੇ ਲਿਖ ਸਕਦੇ ਹੋ ਕਿ ਜੇ ਕੱਲ੍ਹ ਨੂੰ ਤੁਹਾਨੂੰ ਕੁੱਝ ਹੋ ਜਾਵੇ ਅਤੇ ਤੁਸੀਂ ਆਪਣੇ ਨਿੱਜੀ ਫੈਸਲੇ ਆਪ ਕਰਨ ਦੇ ਕਾਬਲ ਨਾ ਰਹੋ।

- ਨਿੱਜੀ ਨਿਰਦੇਸ਼ ਨਾਲ ਤੁਸੀਂ ਕਿਸੇ ਹੋਰ ਵਿਅਕਤੀ, ਜਿਸਨੂੰ ਏਜੰਟ ਕਿਹਾ ਜਾਂਦਾ ਹੈ, ਦੀ ਚੋਣ ਕਰ ਸਕਦੇ ਹੋ ਜਿਹੜਾ ਕਿ ਉਸ ਵੇਲ਼ੇ ਤੁਹਾਡੇ ਲਈ ਫੈਸਲੇ ਕਰ ਸਕੇ ਜਦੋਂ ਤੁਸੀਂ ਆਪ ਕਰ ਸਕਣ ਦੇ ਕਾਬਲ ਨਾ ਹੋਵੋ।

- ਨਿੱਜੀ ਨਿਰਦੇਸ਼ ਨਾਲ ਤੁਸੀਂ ਆਪਣੇ ਭਵਿੱਖ ਬਾਰੇ ਲਏ ਜਾਣ ਵਾਲੇ ਫੈਸਲਿਆਂ ਲਈ ਲਿਖਤ ਰੂਪ ਵਿੱਚ ਹਿਦਾਇਤਾਂ ਦੇ ਸਕਦੇ ਹੋ।

- ਨਿੱਜੀ ਨਿਰਦੇਸ਼ ਤਿਆਰ ਕਰਨਾ ਤੁਹਾਡੀ **ਮਰਜ਼ੀ ਅਤੇ ਸਵੈ-ਇੱਛਾ** 'ਤੇ ਨਿਰਭਰ ਹੈ।

## ਨਿੱਜੀ ਨਿਰਦੇਸ਼ ਜ਼ਰੂਰੀ ਕਿਉਂ ਹੈ?

ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਤੁਹਾਡੇ ਲਈ ਫੈਸਲੇ ਲੈਣ ਦਾ ਆਪ ਮੁਹਾਰੇ ਹੀ ਕੋਈ ਕਨੂੰਨੀ ਹੱਕ ਨਹੀਂ ਹੁੰਦਾ।

## ਜੇ ਮੈਂ ਕੋਈ ਨਿੱਜੀ ਨਿਰਦੇਸ਼ ਤਿਆਰ ਕਰਦਾ ਹਾਂ, ਤਾਂ ਇਸ ਨਾਲ ਕਿਸ ਨੂੰ ਫਾਇਦਾ ਹੋਵੇਗਾ?

- **ਤੁਹਾਨੂੰ।** ਜੇ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਤੁਸੀਂ ਇਸ ਵੇਲ਼ੇ ਆਪਣੇ ਫੈਸਲੇ ਆਪ ਕਰਨ ਦੇ ਕਾਬਲ ਹੋ, ਤਾਂ ਤੁਸੀਂ ਇੱਕ ਨਿੱਜੀ ਨਿਰਦੇਸ਼ ਤਿਆਰ ਕਰਨ ਨਾਲ ਆਪਣੇ ਭਵਿੱਖ ਦੇ ਨਿੱਜੀ ਮਾਮਲਿਆਂ 'ਤੇ ਵਧੇਰੇ ਕੰਟਰੋਲ ਕਰ ਸਕਦੇ ਹੋ।

**ਤੁਹਾਡੇ ਪਰਵਾਰ ਅਤੇ ਦੋਸਤਾਂ ਨੂੰ।** ਜੇ ਤੁਹਾਡਾ ਕੋਈ ਨਿੱਜੀ ਨਿਰਦੇਸ਼ ਹੁੰਦਾ ਹੈ, ਤਾਂ ਜਿਨ੍ਹਾਂ ਲੋਕਾਂ ਨੂੰ ਤੁਹਾਡਾ ਖਿਆਲ ਹੈ ਉਨ੍ਹਾਂ ਨੂੰ ਇਹ ਤਸੱਲੀ ਹੋਵੇਗੀ ਕਿ ਤੁਹਾਡੇ ਲਈ ਲਏ ਗਏ ਫੈਸਲੇ ਉਹੀ ਹਨ ਜਿਹੜੇ ਤੁਸੀਂ ਚਾਹੁੰਦੇ ਸੀ। ਨਿੱਜੀ ਨਿਰਦੇਸ਼ ਔਖੀਆਂ ਘੜੀਆਂ ਵਿੱਚ ਤਣਾਉ ਘਟਾ ਸਕਦੇ ਹਨ।

**ਸੇਵਾ ਮੁਹੱਈਆ ਕਰਨ ਵਾਲਿਆਂ ਨੂੰ।** ਡਾਕਟਰਾਂ, ਨਰਸਾਂ, ਵਕੀਲਾਂ ਅਤੇ ਰਿਹਾਇਸ਼ੀ ਸੰਭਾਲ ਮੁਹੱਈਆ ਕਰਨ ਵਾਲਿਆਂ ਵਰਗੇ ਲੋਕ ਜਿਹੜੇ ਤੁਹਾਨੂੰ ਸੰਭਾਲ ਅਤੇ ਸੇਵਾਵਾਂ ਮੁਹੱਈਆ ਕਰਦੇ ਹਨ, ਤੁਹਾਡੀਆਂ ਲਿਖਤ ਹਿਦਾਇਤਾਂ ਜਾਂ ਤੁਹਾਡੇ ਏਜੰਟ ਦੁਆਰਾ ਦਿੱਤੀਆਂ ਗਈਆਂ ਹਿਦਾਇਤਾਂ 'ਤੇ ਭਰੋਸਾ ਕਰ ਸਕਣਗੇ।

# ਭਵਿੱਖ ਦੀ ਵਿਓਂਤਬੰਦੀ ਲਈ ਮੇਰੇ ਕੋਲ ਕੀ ਵਿਕਲਪ ਹਨ?

ਜੇ ਤੁਸੀਂ ਪਹਿਲਾ ਹੀ ਵਿਓਂਤਬੰਦੀ ਕਰਨਾ ਚਾਹੁੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ:

- ਨਿੱਜੀ ਨਿਰਦੇਸ਼ (ਗ਼ੈਰ-ਮਾਇਕ ਮਾਮਲਿਆਂ ਲਈ) ਲਿਖਣਾ ਚਾਹੋ,
- ਚਿਰਸਥਾਈ ਮੁਖ਼ਤਿਆਰਨਾਮਾ (ਮਾਇਕ ਮਾਮਲਿਆਂ ਲਈ) ਲਿਖਣਾ ਚਾਹੋ, ਅਤੇ,
- ਵਸੀਅਤ (ਮਰਨ ਉਪਰੰਤ ਮਾਇਕ ਅਤੇ ਜ਼ਾਤੀ ਕੁੱਲ ਅਸਾਸੇ ਦੀ ਵਿਓਂਤ ਬਣਾਉਣ ਲਈ) ਲਿਖਣਾ ਚਾਹੋ।

## ਮੇਰੀ ਜ਼ਿੰਦਗੀ ਦੇ ਦੌਰਾਨ ਮੇਰੇ ਕੋਲ ਵਿਓਂਤਬੰਦੀ ਦੇ ਕੀ ਵਿਕਲਪ ਹਨ?

| | ਤੁਹਾਡੇ ਦੁਆਰਾ ਪਹਿਲਾਂ ਹੀ ਲਏ ਗਏ ਫੈਸਲੇ | ਅਦਾਲਤ ਦੁਆਰਾ ਤੁਹਾਡੇ ਲਈ ਲਏ ਗਏ ਫੈਸਲੇ* |
|---|---|---|
| ਜ਼ਾਤੀ | ਨਿੱਜੀ ਨਿਰਦੇਸ਼ | ਗਾਰਡੀਅਨਸ਼ਿਪ |
| ਮਾਇਕ | ਚਿਰਸਥਾਈ ਮੁਖ਼ਤਿਆਰਨਾਮਾ | ਟਰਸਟੀਸ਼ਿਪ |
| ਮਰਨ ਉਪਰੰਤ ਫੈਸਲੇ | ਵਸੀਅਤ | ਬੇਵਸੀਅਤੀ ਜਾਨਸ਼ੀਨੀ ਐਕਟ |

*ਅਦਾਲਤ ਸਿਰਫ ਤਾਂ ਹੀ ਗਾਰਡੀਅਨਸ਼ਿਪ ਜਾਂ ਟਰਸਟੀਸ਼ਿਪ ਦੇਵੇਗੀ ਜੇ ਵਿਅਕਤੀ ਅਸਮਰੱਥ ਸੀ, ਅਤੇ ਉਸਨੇ ਕੋਈ ਨਿੱਜੀ ਨਿਰਦੇਸ਼ ਜਾਂ ਚਿਰਸਥਾਈ ਮੁਖ਼ਤਿਆਰਨਾਮਾ ਨਹੀਂ ਸੀ ਦਿੱਤਾ।

## ਨਿੱਜੀ ਨਿਰਦੇਸ਼ ਵਿੱਚ ਮੈਂ ਕਿਸ ਤਰ੍ਹਾਂ ਦੀਆਂ ਹਿਦਾਇਤਾਂ ਛੱਡ ਸਕਦਾ ਹਾਂ?

ਤੁਹਾਡੀਆਂ ਹਿਦਾਇਤਾਂ ਕਿਸੇ ਵੀ ਜਾਂ ਸਾਰੇ ਅਜਿਹੇ ਨਿੱਜੀ ਮਾਮਲਿਆਂ ਬਾਰੇ ਹੋ ਸਕਦੀਆਂ ਹਨ ਜਿਹੜੇ ਗ਼ੈਰ-ਮਾਇਕ ਹੋਣ, ਜਿਵੇਂ ਕਿ:

- ਡਾਕਟਰੀ ਇਲਾਜ ਜਿਹੜੇ ਤੁਸੀਂ ਚਾਹੁੰਦੇ ਹੋਵੋ ਜਾਂ ਨਾ ਚਾਹੁੰਦੇ ਹੋਵੋ,
- ਤੁਸੀਂ ਜਿੱਥੇ ਰਹਿਣਾ ਚਾਹੁੰਦੇ ਹੋਵੋ,
- ਤੁਸੀਂ ਜਿਸ ਨਾਲ ਰਹਿਣਾ ਚਾਹੁੰਦੇ ਹੋਵੋ,
- ਹੋਰ ਜ਼ਾਤੀ ਸਰਗਰਮੀਆਂ ਬਾਰੇ ਫੈਸਲੇ (ਮਨੋਰੰਜਨ, ਰੁਜ਼ਗਾਰ ਜਾਂ ਸਿੱਖਿਆ),
- ਕੋਈ ਵੀ ਹੋਰ ਜ਼ਾਤੀ ਜਾਂ ਕਨੂੰਨੀ ਫੈਸਲੇ।

**ਗ਼ੈਰ-ਕਨੂੰਨੀ ਕੰਮਾਂ ਦੀ ਬੇਨਤੀ ਕਰਨ ਲਈ ਕਿਸੇ ਨਿੱਜੀ ਨਿਰਦੇਸ਼ ਨੂੰ ਨਹੀਂ ਵਰਤਿਆ ਜਾ ਸਕਦਾ।**

## ਕੀ ਮੈਂ ਕੋਈ ਨਿੱਜੀ ਨਿਰਦੇਸ਼ ਹੁਣੇ ਹੀ ਤਿਆਰ ਕਰ ਸਕਦਾ ਹਾਂ?

*ਨਿੱਜੀ ਨਿਰਦੇਸ਼ ਐਕਟ (Personal Directives Act)* ਦੇ 1 ਦਸੰਬਰ, 1997 ਵਿੱਚ ਕਨੂੰਨ ਬਣਣ ਤੋਂ ਬਾਦ, ਤੁਹਾਡੇ ਨਿੱਜੀ ਨਿਰਦੇਸ਼ ਦੇ ਮੰਨਣਯੋਗ ਹੋਣ ਲਈ ਇਹ ਲਾਜ਼ਮੀ ਹੈ ਕਿ ਇਸ ਉੱਤੇ ਦਸਤਖ਼ਤ ਕੀਤੇ ਹੋਣ, ਤਾਰੀਖ਼, ਅਤੇ ਗਵਾਹੀ ਪਾਈ ਹੋਵੇ।

ਜੇ ਤੁਸੀਂ ਪਹਿਲਾਂ ਹੀ ਅਜਿਹੀ ਵਸੀਅਤ ਕੀਤੀ ਹੋਈ ਹੈ ਜਿਸ ਵਿੱਚ ਭਵਿੱਖ ਵਿੱਚ ਹੋ ਸਕਣ ਵਾਲੀ ਅਸਮਰੱਥਾ ਬਾਰੇ ਪੂਰਵ-ਚਿੰਤਨ ਕਰਕੇ ਇਲਾਜ ਬਾਰੇ ਖ਼ਾਸ ਸੇਧਾਂ ਉਲੀਕੀਆਂ ਗਈਆਂ ਹੁੰਦੀਆਂ ਹਨ (ਲਿਵਿੰਗ ਵਿੱਲ), ਤਾਂ ਇਹ ਯਕੀਨੀ ਬਣਾਉਣ ਲਈ ਕਿ ਇਹ ਕਨੂੰਨੀ ਤੌਰ 'ਤੇ ਬੰਧਨਕਾਰੀ ਹੋਵੇ, ਪੜਤਾਲ ਕਰੋ ਕਿ ਇਹ ਨਿੱਜੀ ਨਿਰਦੇਸ਼ ਐਕਟ (Personal Directives Act) ਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ।



## ਅਜਿਹੀ ਜਾਣਕਾਰੀ ਉਪਲਬਧ ਹੈ ਜਿਹੜੀ ਹੇਠ ਲਿਖੇ ਵਿਸ਼ਿਆਂ ਨੂੰ ਸ਼ਾਮਲ ਕਰਦੀ ਹੈ:

- ਨਿੱਜੀ ਨਿਰਦੇਸ਼ ਤਿਆਰ ਕਰਨ ਲਈ ਲੋੜੀਂਦੀਆਂ ਚੀਜ਼ਾਂ,
- ਮੁੱਦੇ, ਜਿਨ੍ਹਾਂ 'ਤੇ ਤੁਸੀਂ ਨਿੱਜੀ ਨਿਰਦੇਸ਼ ਤਿਆਰ ਕਰਨ ਲਈ ਗੌਰ ਕਰ ਸਕਦੇ ਹੋ,
- ਏਜੰਟ(ਾਂ) ਦੀਆਂ ਜ਼ੁੰਮੇਵਾਰੀਆਂ,
- ਸੇਵਾ ਮੁਹੱਈਆ ਕਰ ਵਾਲੇ (ਵਾਲਿਆਂ) ਦੀਆਂ ਜ਼ੁੰਮੇਵਾਰੀਆਂ।

ਇਹ ਜਾਣਕਾਰੀ ਪ੍ਰਾਪਤ ਕਰਨ ਲਈ, **www.seniors.gov.ab.ca** 'ਤੇ ਅਲਬਰਟਾ ਬਜ਼ੁਰਗ ਅਤੇ ਕਮਿਊਨਿਟੀ ਵੱਲੋਂ ਸਹਾਇਤਾ ਦੇ ਪ੍ਰੋਗਰਾਮ (Alberta Seniors and Community Supports) ਦੀ ਵੈਬਸਾਈਟ ਵੇਖੋ ਅਤੇ ਪਬਲਿਕ ਗਾਰਡੀਅਨ ਦੇ ਦਫ਼ਤਰ (Office of the Public Guardian) ਤੱਕ ਕੜੀਆਂ ਦੇ ਸੇਧ ਵਿੱਚ ਚੱਲੋ।



## ਮੈਨੂੰ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਇਸ ਪਰਚੇ ਦੀਆਂ ਕਾਪੀਆਂ ਜਾਂ ਵਧੇਰੇ ਜਾਣਕਾਰੀ ਲਈ, ਜਾਂ ਨਿੱਜੀ ਨਿਰਦੇਸ਼ ਜਾਣਕਾਰੀ ਸੈਸ਼ਨ ਵਿੱਚ ਬੁਕਿੰਗ ਕਰਵਾਉਣ ਲਈ, ਆਪਣੇ ਨਜ਼ਦੀਕੀ ਪਬਲਿਕ ਗਾਰਡੀਅਨ ਦੇ ਦਫ਼ਤਰ ਨਾਲ ਸਵੇਰ ਦੇ 8:15 ਤੋਂ ਸ਼ਾਮ ਦੇ 4:30 ਦਰਮਿਆਨ ਸੰਪਰਕ ਕਰੋ।

- **ਉੱਤਰੀ ਇਲਾਕਾ**
  ਫੋਨ (780) 833-4319
- **ਐਡਮੰਟਨ**
  ਫੋਨ (780) 427-0017
- **ਰੈਡ ਡੀਅਰ**
  ਫੋਨ (403) 340-5165
- **ਕੈਲਗਰੀ**
  ਫੋਨ (403) 297-3364
- **ਲੈਥਬਰਿਜ**
  ਫੋਨ (403) 381-5648

ਐਡਮੰਟਨ ਤੋਂ ਬਾਹਰ ਟੋਲ-ਫਰੀ ਸੇਵਾ ਲਈ, 310-0000 ਡਾਇਲ ਕਰੋ ਅਤੇ ਆਪਣੇ ਨਜ਼ਦੀਕੀ ਨਿੱਜੀ ਨਿਰਦੇਸ਼ ਮਾਹਰ ਬਾਰੇ ਪੁੱਛੋ।

ਅਲਬਰਟਾ ਬਜ਼ੁਰਗ ਅਤੇ ਕਮਿਊਨਿਟੀ ਵੱਲੋਂ ਸਹਾਇਤਾ ਦੇ ਪ੍ਰੋਗਰਾਮ (Alberta Seniors and Community Supports) ਵੈਬਸਾਈਟ 'ਤੇ ਦਿਨ ਦੇ 24 ਘੰਟੇ ਜਾਣਕਾਰੀ ਉਪਲਬਧ ਹੈ:

**www.seniors.gov.ab.ca**

ISBN 0773253289 (ਸੁਧਾਈ 2005/03)